# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

**ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ**

ਨੰ. 4166 /ਸੀ.ਓ.ਈ.
ਮਿਤੀ 09/11/2020

**ਖੇਡਾਂ/ਯੁਵਕ ਗਤੀਵਿਧੀਆਂ ਦੇ ਉਹ ਵਿਦਿਆਰਥੀ ਜੋ ਇਨ੍ਹਾਂ ਗਤੀਵਿਧੀਆਂ ਵਿੱਚ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਨ ਕਰਕੇ ਪਿਛਲੇ ਸਮੈਸਟਰਾਂ ਵਿੱਚ ਪੇਪਰ ਨਹੀਂ ਦੇ ਸਕੇ ਸਨ ਲਈ ਕਰਵਾਈਆਂ ਜਾ ਰਹੀਆਂ ਵਿਸ਼ੇਸ਼ ਪ੍ਰੀਖਿਆਵਾਂ ਲਈ ਹਦਾਇਤਾਂ**

ਕੋਵਿਡ-19 ਮਹਾਂਮਰੀ ਦੀ ਮੌਜੂਦਾ ਸਥਿਤੀ ਦੇ ਮੱਦੇ-ਨਜ਼ਰ ਸਮਾਜਿਕ ਦੂਰੀ ਅਤੇ ਸੁਰੱਖਿਆ/ਸਿਹਤ ਨੂੰ ਲੈ ਕੇ ਸਰਕਾਰੀ ਨਿਯਮਾਂ/ਹਦਾਇਤਾਂ ਅਨੁਸਾਰ ਇਹ ਪ੍ਰੀਖਿਆਵਾਂ ਮਿਤੀ 11 ਨਵੰਬਰ, 2020 ਤੋਂ blended Mode ਵਿੱਚ ਕਰਵਾਈਆਂ ਜਾ ਰਹੀਆਂ ਹਨ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:-

1. ਪ੍ਰੀਖਿਆ ਵਾਲੇ ਦਿਨ ਡੇਟ-ਸ਼ੀਟ ਅਨੁਸਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਭਾਗਾਂ/ਕਾਲਜਾਂ ਦੁਆਰਾ ਪ੍ਰਸ਼ਨ-ਪੱਤਰ ਈਮੇਲ ਰਾਹੀਂ ਜਾਂ ਹੋਰ ਸਾਧਨਾਂ ਜਿਵੇਂ ਵਟਸਐਪ ਜਾਂ ਵਿਭਾਗਾਂ/ਕਾਲਜਾਂ ਦੀ ਵੈਬਸਾਈਟ ਤੇ ਉਪਲਬੱਧ ਕਰਵਾ ਕੇ ਭੇਜੇ ਜਾਣਗੇ। ਇਸ ਲਈ ਵਿਭਾਗਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਵਿਭਾਗ/ਕਾਲਜ ਨਾਲ ਨਿਰੰਤਰ ਸੰਪਰਕ ਵਿੱਚ ਰਹਿਣ ਅਤੇ ਉਨ੍ਹਾਂ ਵੱਲੋਂ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨ।
2. ਪ੍ਰੀਖਿਆ ਦੋ ਸੈਸ਼ਨਾਂ ਵਿੱਚ ਲਈ ਜਾਵੇਗੀ। ਸਵੇਰ ਦਾ ਸੈਸ਼ਨ ਸਵੇਰੇ 09.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 01.00 ਵਜੇ ਤੱਕ ਹੋਵੇਗਾ। ਸ਼ਾਮ ਦਾ ਸੈਸ਼ਨ ਦੁਪਹਿਰ ਬਾਅਦ 02.30 ਵਜੇ ਤੋਂ ਲੈ ਕੇ ਸ਼ਾਮ 06.30 ਵਜੇ ਤੱਕ ਹੋਵੇਗਾ। ਹਰੇਕ ਸੈਸ਼ਨ ਵਿੱਚ ਪੇਪਰ ਹੱਲ ਕਰਨ ਲਈ 02 ਘੰਟੇ ਦਾ ਸਮਾਂ ਹੋਵੇਗਾ। ਇਸ ਤੋਂ ਇਲਾਵਾ ਉਮੀਦਵਾਰ ਨੂੰ ਪ੍ਰਸ਼ਨ-ਪੱਤਰ ਡਾਊਨਲੋਡ, ਉੱਤਰ-ਸ਼ੀਟ ਸਕੈਨ ਕਰਕੇ ਈਮੇਲ ਰਾਹੀਂ ਭੇਜਣ ਲਈ 02 ਘੰਟੇ ਹੋਰ ਦਿੱਤੇ ਜਾਣਗੇ। ਇਸ ਤਰ੍ਹਾਂ ਸਾਰੀ ਪ੍ਰਕਿਰਿਆ ਲਈ ਕੁਲ 04 ਘੰਟੇ ਦਾ ਸਮਾਂ ਉਮੀਦਵਾਰ ਨੂੰ ਦਿੱਤਾ ਜਾਂਦਾ ਹੈ।
3. ਵਿਦਿਆਰਥੀ ਉਨ੍ਹਾਂ ਨੂੰ ਪਹਿਲਾਂ ਜਾਰੀ ਕੀਤੇ ਰੋਲ ਨੰਬਰਾਂ ਨਾਲ ਪੇਪਰ ਦੇਣਗੇ।
4. ਹਰੇਕ ਵਿਦਿਆਰਥੀ ਨੇ ਪ੍ਰਸ਼ਨ-ਪੱਤਰ ਹਲ ਕਰਨ ਲਈ A-4 (ਏ-4) ਸ਼ੀਟ ਦੇ ਵੱਧ ਤੋਂ ਵੱਧ 16 ਸ਼ੀਟਾਂ ਦੀ ਵਰਤੋਂ ਕਰਨੀ ਹੈ। ਉਮੀਦਵਾਰ ਹਰ ਪੰਨੇ ਦੇ ਇਕ ਹੀ ਪਾਸੇ ਹੀ ਲਿਖੇਗਾ ਅਤੇ ਨਮੂਨਾ ਉੱਤਰ-ਸ਼ੀਟ ਦੇ ਅਨੁਸਾਰ ਕਲਾਸ/ਰੋਲ ਨੰਬਰ/ਵਿਸ਼ਾ/ਮੀਡੀਅਮ/ਵਰਤੇ ਗਏ ਪੰਨੇ/ਮਿਤੀ ਬਾਰੇ ਲਿਖੇਗਾ ਅਤੇ ਆਪਣੇ ਦਸਤਖ਼ਤ ਕਰੇਗਾ। ਵਿਦਿਆਰਥੀ ਵੱਲੋਂ ਪੇਪਰ ਹੱਲ ਕਰਨ ਲਈ ਸਿਰਫ ਨੀਲੇ ਬਾਲ ਪੈਨ ਦੀ ਵਰਤੋਂ ਹੀ ਕੀਤੀ ਜਾਵੇ। ਵਿਦਿਆਰਥੀ ਸ਼ੀਟ ਦੇ ਪਹਿਲੇ ਪੰਨੇ ਤੇ ਵਰਤੋਂ ਵਿਚ ਲਿਆਂਦੇ ਕੁੱਲ ਪੰਨੇ ਦਰਸਾਏਗਾ। ਵਿਦਿਆਰਥੀ ਵੱਲੋਂ ਹੱਲ ਕੀਤੇ ਆਖਰੀ ਉੱਤਰ-ਸ਼ੀਟ ਤੇ ਤਸਦੀਕ ਕੀਤਾ ਜਾਵੇ ਕਿ ਇਹ ਪੇਪਰ ਮੇਰਾ ਖੁਦ ਦਾ ਹੱਥ ਲਿਖਤ ਹੈ। ਵਿਦਿਆਰਥੀ ਹਰੇਕ ਪੰਨੇ ਤੇ ਕ੍ਰਮ ਅਨੁਸਾਰ ਪੰਨਾ ਨੰਬਰ ਲਿਖੇਗਾ। ਵਿਦਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਮੂਨਾ ਸ਼ੀਟ ਦੇ ਮੁਤਾਬਿਕ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉੱਤਰ-ਪੰਨੇ ਦਿੱਤੇ ਗਏ ਫਾਰਮੇਟ ਦੇ ਅਨੁਸਾਰ ਤਿਆਰ ਕਰਕੇ ਰੱਖ ਲੈਣ।
5. ਹਰੇਕ ਵਿਦਿਆਰਥੀ ਵੱਲੋਂ ਪ੍ਰਸ਼ਨ-ਪੱਤਰ ਦੇ ਕੁਲ ਪ੍ਰਸ਼ਨਾਂ ਦਾ 50 ਪ੍ਰਤੀਸ਼ਤ ਪੇਪਰ ਹੱਲ ਕਰਨਾ ਹੋਵੇਗਾ। ਜੇਕਰ ਕੁਲ ਪ੍ਰਸ਼ਨ ਦਾ ਅੱਧ ਦਸ਼ਮਲਵਾਂ (0.5) ਵਿੱਚ ਆਉਂਦਾ ਹੈ ਤਾਂ ਇਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਪ੍ਰਸ਼ਨ-ਪੱਤਰ ਵਿੱਚ ਕੁਲ ਪ੍ਰਸ਼ਨ 9 ਜਾਂ 7 ਹਨ ਤਾਂ ਕ੍ਰਮਵਾਰ 4 ਅਤੇ 3 ਪ੍ਰਸ਼ਨਾਂ ਦਾ ਜਵਾਬ ਉਮੀਦਵਾਰ ਵੱਲੋਂ ਦਿੱਤਾ ਜਾਵੇਗਾ।

ਸਾਰੇ ਪ੍ਰਸ਼ਨਾਂ ਦੇ ਨੰਬਰ ਇੱਕੋ-ਜਿਹੇ ਹੋਣਗੇ। ਪ੍ਰਸ਼ਨ-ਪੱਤਰ ਦੇ ਸੈਕਸ਼ਨ ਸਬੰਧੀ ਹਦਾਇਤਾਂ ਜੇਕਰ ਕੋਈ ਹੋਵੇ, ਨਜ਼ਰ-ਅੰਦਾਜ਼ ਕਰ ਦਿੱਤੀਆਂ ਜਾਣ। ਪ੍ਰਸ਼ਨ-ਪੱਤਰ ਉੱਪਰ ਦਰਸਾਏ ਕੁਲ ਅੰਕ ਉਹੀ ਰਹਿਣਗੇ।

6. ਪੇਪਰ ਹੱਲ ਕਰਨ ਤੋਂ ਬਾਅਦ ਉਮੀਦਵਾਰ ਨਿਰਧਾਰਿਤ ਸਮੇਂ ਵਿੱਚ ਹਰ ਸ਼ੀਟ ਨੂੰ ਕ੍ਰਮ ਅਨੁਸਾਰ ਸਕੈਨ ਕਰਕੇ ਇੱਕ PDF ਫਾਈਲ ਬਣਾਏਗਾ ਅਤੇ ਇਸ ਫਾਈਲ ਨੂੰ ਵਿਭਾਗ/ਕਾਲਜ ਵਲੋਂ ਦਿੱਤੀ ਈਮੇਲ ਰਾਹੀਂ ਫਾਈਲ ਅਟੈਚ ਕਰਕੇ ਭੇਜੇਗਾ। ਜੇਕਰ ਵਿਦਿਆਰਥੀ ਕੋਲ ਅਜਿਹੇ ਸਾਧਨ ਮੌਜੂਦ ਨਹੀਂ ਹਨ ਕਿ ਉਹ ਉੱਤਰ-ਸ਼ੀਟਾਂ ਨੂੰ ਸਕੈਨ ਕਰਕੇ PDF ਬਣਾ ਕੇ ਫਾਈਲ ਭੇਜ ਸਕੇ ਤਾਂ ਉਹ ਆਪਣੇ ਸਬੰਧਿਤ ਵਿਭਾਗ/ਕਾਲਜ ਵਿੱਚ ਆਪਣੀ ਉੱਤਰ-ਸ਼ੀਟਾਂ ਨਿਰਧਾਰਿਤ ਸਮੇਂ ਵਿੱਚ ਜਮ੍ਹਾਂ ਕਰਵਾ ਸਕਦਾ ਹੈ ਅਤੇ ਇਸ ਸਬੰਧੀ ਰਸੀਦ ਪ੍ਰਾਪਤ ਕਰਕੇ ਆਪਣੇ ਕੋਲ ਸੰਭਾਲ ਕੇ ਰੱਖਣ।

7. ਪ੍ਰੀਖਿਆਵਾਂ ਸਬੰਧੀ ਸਮੇਂ-ਸਮੇਂ ਜਾਰੀ ਗਾਈਡਲਾਈਨਜ਼ ਲਈ ਵਿਦਿਆਰਥੀ ਆਪਣੇ ਵਿਭਾਗ/ਕਾਲਜ ਦੇ ਸੰਪਰਕ ਵਿੱਚ ਰਹਿਣਗੇ ਅਤੇ ਯੂਨੀਵਰਸਿਟੀ ਵੈਬਸਾਈਟ ਨੂੰ ਸਮੇਂ-ਸਮੇਂ ਦੇਖਣਾ ਉਨਾਂ ਲਈ ਲਾਜ਼ਮੀ ਹੋਵੇਗਾ।

8. ਇਨਾਂ ਪ੍ਰੀਖਿਆਵਾਂ ਦੀਆਂ ਉੱਤਰ-ਕਾਪੀਆਂ ਲਈ ਪੁਨਰ-ਮੁਲਾਂਕਣ, ਰੀ-ਚੈਕਿੰਗ ਦੀ ਸੁਵਿਧਾ ਨਹੀਂ ਹੋਵੇਗੀ।

9. ਜੋ ਵਿਦਿਆਰਥੀ ਕੰਟੇਨਮੈਂਟ ਏਰੀਆਂ ਵਿੱਚ ਰਹਿਣ ਜਾਂ ਕੋਰੋਨਾ ਪੋਜੀਟਵ ਹੋਣ ਕਾਰਨ ਪ੍ਰੀਖਿਆ ਨਹੀਂ ਦੇ ਸਕਦਾ ਤਾਂ ਉਹ ਇਸ ਬਾਰੇ ਯੂਨੀਵਰਸਿਟੀ, ਵਿਭਾਗ ਜਾਂ ਸਬੰਧਿਤ ਕਾਲਜ ਨੂੰ ਲਿਖਤੀ ਜਾਂ ਈਮੋਡ ਰਾਹੀਂ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਸੂਚਿਤ ਕਰਦਾ ਹੈ ਤਾਂ ਅਜਿਹੇ ਵਿਦਿਆਰਥੀ ਅਗਲੀਆਂ ਹੋਣ ਵਾਲੀਆਂ ਪ੍ਰੀਖਿਆਵਾਂ ਵਿੱਚ ਬੈਠ ਸਕਦੇ ਹਨ।

10. ਉੱਤਰ-ਸ਼ੀਟ ਦੀ ਨਮੂਨਾ ਕਾਪੀ ਨਾਲ ਨੱਥੀ ਹੈ।

9/11/2020

**ਕੰਟਰੋਲਰ (ਪ੍ਰੀਖਿਆਵਾਂ)**

ਕਲਾਸ........................ਰੋਲ ਨੰ: ਸ਼ਬਦਾਂ ਵਿੱਚ ................. ਅੱਖਰਾਂ ਵਿੱਚ...............................................

ਵਿਸ਼ਾ...............................ਪੇਪਰ/ਆਪਸ਼ਨ.............................................ਮੀਡੀਅਮ.......................

ਮਿਤੀ......................ਵਰਤੇ ਗਏ ਕੁਲ ਪੰਨੇ............. ਵਿਦਿਆਰਥੀ ਦੇ ਦਸਤਖਤ...........................................